# ਪ੍ਰਧਾਨ ਮੰਤਰੀ ਨੇ ਫਾਦਰ ਅਮੀਰ ਦੇ ਨਾਲ ਮੁਲਾਕਾਤ ਕੀਤੀ

ਫਰਵਰੀ 15, 2024

ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਨੇ ਅੱਜ ਬਾਅਦ ਦੁਪਹਿਰ ਦੋਹਾ ਵਿੱਚ ਫਾਦਰ ਅਮੀਰ, ਮਹਾਮਹਿਮ ਹਮਦ ਬਿਨ ਖਲੀਫਾ ਅਲ ਥਾਨੀ ਨਾਲ ਮੁਲਾਕਾਤ ਕੀਤੀ।

2. ਪ੍ਰਧਾਨ ਮੰਤਰੀ ਨੇ ਫਾਦਰ ਆਮਿਰ ਨੂੰ ਉਨ੍ਹਾਂ ਦੀ ਦੂਰਅੰਦੇਸ਼ੀ ਲੀਡਰਸ਼ਿਪ ਵਾਸਤੇ ਵਧਾਈ ਦਿੱਤੀ ਜਿਸਦੇ ਕਰਕੇ ਪਿਛਲੇ ਦਹਾਕਿਆਂ ਦੌਰਾਨ ਕਤਰ ਦੇ ਵਿਕਾਸ ਲਈ ਰਾਹ ਪੱਕੀ ਹੋਈ ਹੈ। ਦੋਵੇਂ ਨੇਤਾਵਾਂ ਨੇ ਭਾਰਤ-ਕਤਰ ਸਬੰਧਾਂ 'ਤੇ ਚਰਚਾ ਕੀਤੀ।

3. ਪ੍ਰਧਾਨ ਮੰਤਰੀ ਨੇ ਫਾਦਰ ਆਮਿਰ ਦੇ ਖੇਤਰੀ ਅਤੇ ਵਿਸ਼ਵ ਪੱਧਰੀ ਬਦਲਾਅ ਸੋ ਸਬੰਧਤ ਸੂਝਵਾਨ ਨਿਰੀਖਣ ਕਰਨ ਵਾਸਤੇ ਆਪਣੀ ਪ੍ਰਸ਼ੰਸਾ ਪਹੁੰਚਾਇਆ।

4. ਫਾਦਰ ਆਮਿਰ ਨੇ ਪੁਸ਼ਟੀ ਕੀਤੀ ਕਿ ਭਾਰਤ ਅਤੇ ਕਤਰ ਇੱਕ ਅਟੁੱਟ ਬੰਧਨ ਸਾਂਝਾ ਕਰਦੇ ਹਨ, ਜਿਹੜਾ ਕਿ ਆਪਸੀ ਵਿਸ਼ਵਾਸ ਅਤੇ ਸਹਿਯੋਗ ਦਾ ਪ੍ਰਤੀਕ ਹੈ। ਉਨ੍ਹਾਂ ਨੇ ਕਤਰ ਦੇ ਵਿਕਾਸ ਅਤੇ ਦੁਵੱਲੀ ਸਾਂਝੇਦਾਰੀ ਨੂੰ ਪੋਸ਼ਣ ਦੇਣ ਵਿੱਚ ਭਾਰਤੀ ਭਾਈਚਾਰੇ ਦੀ ਭੂਮਿਕਾ ਦੀ ਵੀ ਤਾਰੀਫ ਕੀਤੀ।

**ਦੋਹਾ**
**ਫਰਵਰੀ 15, 2024**